**BCM School Basant Avenue Dugri Ludhiana**

**Assignment VIII Punjabi**

**1.ਅਣਡਿੱਠਾ ਪੈਰ੍ਹਾ**

ਦੇਸ ਭਗਤਾਂ ਦਾ ਜੀਵਨ ਦੇਸ ਦੀ ਭੇਂਟ ਹੁੰਦਾ ਹੈ। ਅਮਨ ਹੋਵੇ ਜਾਂ ਜੰਗ ਉਹ ਦੇਸ਼ ਦੀ ਭਲਾਈ ਵਿੱਚ ਜੁੱਟੇ ਰਹਿੰਦੇ ਹਨ।ਉਹ ਦੇਸ ਦੀਆਂ ਕਮਜ਼ੋਰੀਆਂ ਨੂੰ ਸਹਿਜੇ- ਸਹਿਜੇ ਸੋਚਦੇ ਰਹਿੰਦੇ ਹਨ।ਹਉਮੈਂ ਉਨ੍ਹਾਂ ਦੇ ਨੇੜੇ ਨਹੀਂ ਢੁੱਕਦੀ। ਉਹ ਤਾਂ ਸੱਚੇ ਦੇਸ਼ ਭਗਤ ਬਣ ਕੇ ਆਪਣੇ ਵਿੱਤ ਅਨੁਸਾਰ ਸੇਵਾ ਕਰਦੇ ਰਹਿੰਦੇ ਹਨ।ਭਾਵੇਂ ਵਜ਼ੀਰੀ ਮਿਲੇ ਤੇ ਭਾਵੇਂ ਫ਼ਕੀਰੀ, ਉਨ੍ਹਾਂ ਦੀ ਦੇਸ ਸੇਵਾ ਵਿੱਚ ਕੋਈ ਫ਼ਰਕ ਨਹੀਂ ਪੈਂਦਾ। ਉਹ ਜਾਤ -ਪਾਤ, ਰੰਗ- ਰੂਪ ਅਤੇ ਧਰਮ ਕੌਮ ਦੇ ਵਿਤਕਰਿਆਂ ਤੋਂ ਦੂਰ ਰਹਿੰਦੇ ਹਨ ਅਤੇ ਆਪਣੇ ਦੇਸ ਦੀ ਭਲਾਈ ਦੇ ਨਾਲ -ਨਾਲ ਵਿਸ਼ਵ ਕਲਿਆਣ ਦੇ ਇੱਛੁਕ ਵੀ ਹੁੰਦੇ ਹਨ।

ਪ੍ਰਸ਼ਨ- ਦੇਸ ਭਗਤਾਂ ਦਾ ਜੀਵਨ ਕਿਸ ਨੂੰ ਸਮਰਪਿਤ ਹੁੰਦਾ ਹੈ ?

A. ਅਮਨ B ਦੇਸ C ਭਗਤਾਂ ਨੂੰ D ਕਿਸੇ ਨੂੰ ਵੀ ਨਹੀਂ

ਪ੍ਰਸ਼ਨ- ਦੇਸ਼ ਭਗਤ ਆਪਣੇ ਦੇਸ਼ ਦੀ ਭਲਾਈ ਦੇ ਨਾਲ -ਨਾਲ ਹੋਰ ਕੀ ਇੱਛਾ ਰੱਖਦੇ ਹਨ?

A ਦੇਸ਼ ਸੇਵਾ B ਹਉਮੈ C ਵਿਸ਼ਵ ਕਲਿਆਣ D ਵਿੱਤ ਅਨੁਸਾਰ

1. **ਹੇਠਾਂ ਦਿੱਤੇ ਕਾਵਿ-ਟੋਟੇ ਨੂੰ ਪੜ੍ਹੋ ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ-**

ਬੱਚਿਆਂ ਦੇਖ ਕੇ ਖੇਡ ਪਿਆਰੀ, ਘਰ ਨੂੰ ਸੀ ਦੁੜੰਗੀ ਮਾਰੀ।

ਸਪੇਰੇ ਨੇ ਚੁੱਕ ਲਈ ਪਟਾਰੀ, ਅਗਾਂਹ ਜਾਣ ਦੀ ਕਰੀ ਤਿਆਰੀ।

(ੳ) ਦੁੜੰਗੀ ਮਾਰਨੀ ਦਾ ਕੀ ਅਰਥ ਹੈ?

(ਅ) ਸਪੇਰਾ ਪਟਾਰੀ ਚੁੱਕ ਕੇ ਕਿੱਥੇ ਗਿਆ?

3. **ਵਿਆਕਰਨ**

1.ਲਿਪੀ ਦੀ ਪਰਿਭਾਸ਼ਾ ਦਿਓ?

2 ਪੰਜਾਬੀ ਵਰਨਮਾਲਾ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਗਿਆ ਹੈ?

4. **ਬਹੁ ਵਿਕਲਪੀ ਪ੍ਰਸ਼ਨ**

1. ਫਰੇਬ ਕਰਕੇ ਉਹ ਕੇਸ ਜਿੱਤ ਗਏ। ਧੋਖਾ ਸ਼ਬਦ ਦਾ ਅਰਥ ਲੱਭ ਕੇ ਉਸਦਾ ਸਮਾਨਾਰਥਕ ਸ਼ਬਦ ਲਿਖੋ।

A.ਕਪਟ B. ਧਰਮ C. ਕਰਮ D. ਸ਼ਮਸ਼ੀਰ

2. ਪਰਮਾਤਮਾ ਬੇਅੰਤ ਹੈ।ਵਾਕ ਵਿੱਚ ਬੇਅੰਤ ਸ਼ਬਦ ਵਿੱਚ ਲੱਗਾ ਸਹੀ ਅਗੇਤਰ ਚੁਣੋ।

A.ਬ B. ਬੈ C. ਅੰਤ D. ਬੇ

3.'ਅਸ਼ੋਕ ਇੱਕ ਧਰਮੀ ਰਾਜਾ ਸੀ ।' ਵਾਕ ਵਿੱਚ ਲਕੀਰੇ ਸ਼ਬਦ ਦਾ ਵਿਰੋਧੀ ਸ਼ਬਦ ਲਿਖੋ?

A. ਕਪਟੀ B.ਯੋਗ C.ਅਧਰਮੀ D. ਕੋਈ ਵੀ ਨਹੀਂ

5.**ਪਾਠ ਪੁਸਤਕ ਪ੍ਰਸ਼ਨ**

1. ਰਾਣੀ ਕੌਣ ਸੀ?
2. ਕਿਸ ਦੀ ਭੈਣ ਦਾ ਮੰਗਲੀਕ ਹੋਣ ਕਰਕੇ ਵਿਆਹ ਨਹੀਂ ਸੀ ਹੋ ਰਿਹਾ?

6.**ਬਹੁ- ਵਿਕਲਪੀ ਪ੍ਰਸ਼ਨ**

1. ਅਰੁਣਿਮਾ ਦੀ ਲਿਖੀ ਪੁਸਤਕ ਨੂੰ ਕਿਸ ਨੇ ਲੋਕਾਂ ਤੱਕ ਲਿਆਂਦਾ ?

1.ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2.ਅਟਲ ਬਿਹਾਰੀ ਵਾਜਪਾਈ ਨੇ

3.ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 4.ਸ੍ਰੀਮਤੀ ਇੰਦਰਾ ਗਾਂਧੀ ਨੇ

2. ਰਵਿੰਦਰ ਦੇ ਘਰ ਵਾਲੇ ਕਾਰ ਵਾਲੇ ਨਾਲ ਕੀ ਸਲੂਕ ਕਰਨ ਲੱਗੇ?

1. ਪਿਆਰ ਕਰਨ ਲੱਗੇ 2.ਧੂਹ ਘੜੀਸ ਕਰਨ ਲੱਗੇ 3.ਮਾਰਨ ਲੱਗੇ

4.ਕੁੱਟਣ ਲੱਗੇ

**7. ਵੱਡੇ ਪ੍ਰਸ਼ਨ ਉੱਤਰ**

1. ਅਰੁਣਿਮਾ ਦੇ ਜਨਮ, ਬਚਪਨ ਤੇ ਐਵਰੈਸਟ ਤੇ ਚੜ੍ਹਨ ਤੱਕ ਦੀਆਂ ਘਟਨਾਵਾਂ ਨੂੰ ਸੰਖੇਪ ਵਿੱਚ ਲਿਖੋ?

**8.ਮੁੱਲ ਪਰਖ ਪ੍ਰਸ਼ਨ -** ਅੱਜ -ਕੱਲ ਦੇ ਡਾਕਟਰਾਂ ਨੇ ਆਪਣੇ ਪੇਸ਼ੇ ਨੂੰ ਵਪਾਰ ਕਿਵੇਂ ਬਣਾਇਆ ਹੋਇਆ ਹੈ?

9. **ਸ਼ਬਦ ਅਰਥ**-ਅਨੁਭਵਾਂ , ਗੱਲਾ

1. ਕਿਸ ਨੇ ਕਿਸ ਨੂੰ ਕਹੇ- ਤੈਨੂੰ ਦਿਸਦਾ ਨਹੀਂ ਸੀ?ਅੰਨਾ ਸੀ? ਜੇ ਮੇਰੇ ਪੁੱਤਰ ਨੂੰ ਕੁਝ ਹੋ ਗਿਆ ਤਾਂ ਮੈਂ ਤੈਨੂੰ ਜੀਂਦੇ ਨਹੀਂ ਛੱਡਾਂਗਾ।

2. **ਖਾਲੀ ਥਾਵਾਂ ਭਰੋ**

A.ਲਿੰਗ -------ਦਾ ਭੇਦ ਦੱਸਦੇ ਹਨ।

B.ਉੱਲੂ ਅਤੇ ਗੱਭਰੂ --------ਅਖਵਾਉਂਦੇ ਹਨ।

10.**ਲੇਖ** -ਵੱਧਦੀ ਅਬਾਦੀ ਦੀ ਸਮੱਸਿਆ - ਜਾਣ ਪਛਾਣ, ਭਾਰਤ ਦੀ ਅਬਾਦੀ ਵਿੱਚ ਵਾਧਾ,ਅਬਾਦੀ ਦੇ ਵਾਧੇ ਕਾਰਨ ਸਮੱਸਿਆਵਾਂ, ਰੁਜ਼ਗਾਰ ਦੀ ਸਮੱਸਿਆ, ਭਰਿਸ਼ਟਾਚਾਰ ਦੀ ਸਮੱਸਿਆ,ਗਰੀਬੀ ਦੀ ਸਮੱਸਿਆ, ਧਰਮ ਪ੍ਰਧਾਨ ਲੋਕਾਂ ਦੀ ਸੋਚ, ਸਰਕਾਰ ਵੱਲੋਂ ਚੁੱਕੇ ਜਾ ਰਹੇ ਕਦਮ,ਮੁੰਡੇ ਕੁੜੀ ਦਾ ਫਰਕ,ਸਾਰੰਸ਼

**11.ਪੱਤਰ-** ਆਪਣੇ ਪਿੰਡ ਨਿਵਾਸੀਆਂ ਵੱਲੋਂ ਮੁੱਖ ਮੰਤਰੀ ਪੰਜਾਬ ਨੂੰ ਹੜ ਮਾਰੇ ਇਲਾਕੇ ਦੇ ਲੋਕਾਂ ਦੀਆਂ ਮੁਸੀਬਤਾਂ ਬਾਰੇ ਦੱਸਦੇ ਹੋਏ ਯੋਗ ਸਹਾਇਤਾ ਲਈ ਵੀ ਨੇ ਪੱਤਰ ਲਿਖੋ।